# ਸੰਵਿਧਾਨ (ਇੱਕ ਸੌ 'ਤੇ ਪੰਜਵੀਂ ਸੋਧ) ਐਕਟ, 2021

[18 ਅਗਸਤ, 2021]

ਭਾਰਤ ਦੇ ਸੰਵਿਧਾਨ ਦਾ ਹੋਰ ਸੋਧ ਕਰਨ ਲਈ ਐਕਟ

ਭਾਰਤ ਗਣਰਾਜ ਦੇ ਬਹਤਰਵੇਂ ਸਾਲ ਵਿਚ ਸੰਸਦ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:

**ਸੰਖੇਪ ਨਾਂ ਅਤੇ ਆਰੰਭ**

1. (1) ਇਸ ਐਕਟ ਨੂੰ (ਇੱਕ ਸੌ 'ਤੇ ਪੰਜਵੀਂ ਸੋਧ) ਐਕਟ, 2021 ਕਿਹਾ ਜਾ ਸਕੇਗਾ ।

(2) ਇਹ ਉਸ ਤਾਰੀਕ ਤੋਂ ਲਾਗੂ ਹੋਵੇਗਾ, ਜੋ ਕੇਂਦਰ ਸਰਕਾਰ, ਗਜ਼ਟ ਵਿਚ ਅਧਿਸੂਚਨਾ ਦੁਆਰਾ, ਨਿਯਤ ਕਰੇ।

**ਅਨੁਛੇਦ 338 ਅ ਦਾ ਸੋਧ**

2. ਸੰਵਿਧਾਨ ਦੇ ਅਨੁਛੇਦ 338 ਅ ਦੇ ਖੰਡ (9) ਦੇ ਬਾਅਦ ਹੇਠ ਲਿਖਤ ਪ੍ਰੰਤੂਕ ਜੋੜਿਆ ਜਾਵੇਗਾ, ਭਾਵ :

"ਪਰੰਤੂ ਇਸ ਧਾਰਾ ਵਿੱਚ ਕੁਝ ਵੀ ਅਨੁਛੇਦ 342 ਉ ਦੇ ਖੰਡ (3) ਦੇ ਉਦੇਸ਼ਾਂ ਲਈ ਲਾਗੂ ਨਹੀਂ ਹੋਵੇਗਾ।"

**ਅਨੁਛੇਦ 342 ਉ ਦਾ ਸੋਧ**

3. ਸੰਵਿਧਾਨ ਦੇ ਅਨੁਛੇਦ 342 ਉ ਵਿਚ:

(ੳ) ਖੰਡ (1) ਵਿਚ, ਦਿੱਤੇ ਗਏ ਸ਼ਬਦਾਂ " ਸਮਾਜਕ ਅਤੇ ਸਿਖਿਅਕ ਤੌਰ ਤੇ ਪਛੜੀਆਂ ਸ਼੍ਰੇਣੀਆਂ ਜੋ ਸੰਵਿਧਾਨ ਦੇ ਪ੍ਰਯੋਜਨਾਂ ਲਈ" ਦੀ ਥਾਂ ਸ਼ਬਦ "ਸੰਘ ਸੂਚੀ ਵਿੱਚ ਸਮਾਜਿਕ ਅਤੇ ਸਿਖਿਅਕ ਤੌਰ 'ਤੇ ਪਛੜੀਆਂ ਸ਼੍ਰੇਣੀਆਂ ਜੋ ਕਿ ਕੇਂਦਰ ਸਰਕਾਰ ਦੇ ਉਦੇਸ਼ਾਂ ਲਈ ਹੋਵੇਗਾ" ਰੱਖੇ ਜਾਣਗੇ।

(ਅ) ਖੰਡ (2) ਦੇ ਬਾਅਦ ਹੇਠ ਲਿਖਿਆ ਜੋੜਿਆ ਜਾਵੇਗਾ:

"ਵਿਆਖਿਆ—ਖੰਡ (1) ਅਤੇ (2) ਦੇ ਉਦੇਸ਼ਾਂ ਲਈ, ਲਫ਼ਜ਼ "ਸੰਘ ਸੂਚੀ" ਦਾ ਅਰਥ ਹੈ ਸਮਾਜਿਕ ਅਤੇ ਸਿੱਖਿਅਕ ਤੌਰ 'ਤੇ ਪਛੜੇ ਵਰਗਾਂ ਦੀ ਸੂਚੀ ਕੇਂਦਰ ਸਰਕਾਰ ਦੁਆਰਾ ਅਤੇ ਇਸ ਲਈ ਤਿਆਰ ਕੀਤਾ ਗਿਆ ਹੈ।

(3) ਖੰਡ (1) ਅਤੇ (2) ਵਿੱਚ ਕਿਸੇ ਗੱਲ ਦੇ ਹੁੰਦੇ ਹੋਇਆਂ ਵੀ , ਹਰ ਰਾਜ ਜਾਂ ਸੰਘ ਰਾਜਖੇਤਰ, ਕਾਨੂੰਨ ਦੁਆਰਾ, ਆਪਣੇ ਉਦੇਸ਼ਾਂ ਲਈ, ਸਮਾਜਿਕ ਅਤੇ ਸਿੱਖਿਅਕ ਤੌਰ 'ਤੇ ਪਛੜੇ ਵਰਗਾਂ ਦੀ ਇੱਕ ਸੂਚੀ ਤਿਆਰ ਅਤੇ ਰੱਖ-ਰਖਾਅ ਕਰ ਸਕਦਾ ਹੈ , ਜਿਸ ਵਿਚ ਸੰਘ ਸੂਚੀ ਤੋਂ ਵੱਖ ਇੰਦਰਾਜ ਹੋ ਸਕਦੇ ਹਨ।"

ਅਨੁਛੇਦ 366 ਦਾ ਸੋਧ

੫. ਸੰਵਿਧਾਨ ਦੇ ਅਨੁਛੇਦ 366 ਵਿਚ, ਖੰਡ (26 ਈ) ਦੀ ਥਾਂ ਹੇਠ ਲਿਖਿਆ ਖੰਡ ਬਦਲ ਕੀਤਾ ਜਾਵੇਗਾ, ਭਾਵ:

"ਸਮਾਜਿਕ ਅਤੇ ਸਿੱਖਿਅਕ ਤੌਰ 'ਤੇ ਪਛੜੀਆਂ ਸ਼੍ਰੇਣੀਆਂ" ਦਾ ਅਰਥ ਹੈ ਅਜਿਹੀਆਂ ਪਛੜੀਆਂ ਸ਼੍ਰੇਣੀਆਂ ਜੋ ਅਨੁਛੇਦ 342 ਉ ਦੇ ਤਹਿਤ ਸੰਘ ਜਾਂ ਰਾਜ ਜਾਂ ਸੰਘ ਰਾਜਖੇਤਰ ਦੇ ਉਦੇਸ਼ਾਂ ਲਈ, ਜਿਹੀ ਕਿ ਸੂਰਤ ਹੋਵੇ, ਸਮਝਿਆਂ ਜਾਂਦੀਆਂ ਹਨ।"

ਅਨੂਪ ਕੁਮਾਰ ਮੇਂਦੀਰੱਤਾ,
ਸਕੱਤਰ, ਭਾਰਤ ਸਰਕਾਰ

Ministry of Law and Justice, Govt. of India